# ਮਨੀ ਸੇਫ਼

ਮਨੀ ਸੇਫ਼, HKMA ਅਤੇ ਰਿਟੇਲ ਬੈਂਕਾਂ ਵੱਲੋਂ ਵਿਅਕਤੀਗਤ ਗਾਹਕਾਂ ਲਈ ਸ਼ੁਰੂ ਕੀਤਾ ਗਿਆ ਇੱਕ ਧੋਖਾਧੜੀ-ਰੋਕਥਾਮ ਟੂਲ ਹੈ। ਬੈਂਕ ਖਾਤਿਆਂ ਦੇ ਅੰਦਰ ਤਿਜੋਰੀ ਬਣਾਉਣ ਵਾਂਗ, ਮਨੀ ਸੇਫ਼ ਤੁਹਾਨੂੰ ਜਮ੍ਹਾਂ ਰਕਮ ਉੱਤੇ ਇੱਕ ਵਾਧੂ ਸੁਰੱਖਿਆ ਪਰਤ ਜੋੜਨ ਦੀ ਸਹੂਲਤ ਦਿੰਦਾ ਹੈ, ਜਿਸ ਨਾਲ ਤੁਹਾਡੀ ਰਕਮ ਧੋਖਾਧੜੀ ਅਤੇ ਘੋਟਾਲਿਆਂ ਤੋਂ ਬਚੀ ਰਹਿੰਦੀ ਹੈ।

## ਮਨੀ ਸੇਫ਼ ਸੁਰੱਖਿਆ ਸਰਗਰਮ ਕਰਨਾ

- ਤੁਸੀਂ ਮਨੀ ਸੇਫ਼ ਦੀ ਸੁਰੱਖਿਆ ਬੈਂਕ ਸ਼ਾਖਾਵਾਂ, ਇੰਟਰਨੈੱਟ ਬੈਂਕਿੰਗ ਜਾਂ ਮੋਬਾਈਲ ਬੈਂਕਿੰਗ ਐਪਸ ਰਾਹੀਂ ਸਰਗਰਮ ਕਰ ਸਕਦੇ ਹੋ।
- ਤੁਸੀਂ ਮਨੀ ਸੇਫ਼ ਦੀ ਵਰਤੋਂ ਚਾਲੂ ਖਾਤਿਆਂ, ਬੱਚਤ ਖਾਤਿਆਂ ਅਤੇ ਟਾਈਮ ਡਿਪਾਜ਼ਿਟ ਖਾਤਿਆਂ ਵਿੱਚ ਜਮ੍ਹਾਂ ਰਕਮ ਦੀ ਸੁਰੱਖਿਆ ਲਈ ਕਰ ਸਕਦੇ ਹੋ, ਚਾਹੇ ਉਹ ਹਾਂਗ ਕਾਂਗ ਡਾਲਰਾਂ ਵਿੱਚ ਹੋਵੇ ਜਾਂ ਮੁੱਖ ਗੈਰ-ਸਥਾਨਕ ਮੁਦਰਾਵਾਂ ਵਿੱਚ (ਸੰਯੁਕਤ ਖਾਤੇ ਵੀ ਸ਼ਾਮਲ ਹਨ)।
- ਤੁਸੀਂ ਇਹ ਚੁਣ ਸਕਦੇ ਹੋ ਕਿ ਮਨੀ ਸੇਫ਼ ਹੇਠ ਕਿੰਨੀ ਰਕਮ ਸੁਰੱਖਿਅਤ ਰੱਖਣੀ ਹੈ।
- ਮਨੀ ਸੇਫ਼ ਨਾਲ ਸੁਰੱਖਿਅਤ ਕੀਤੀ ਰਕਮ ਉੱਤੇ ਲਾਗੂ ਵਿਆਜ ਜਾਂ ਹੋਰ ਫ਼ਾਇਦੇ ਮਿਲਦੇ ਰਹਿੰਦੇ ਹਨ।

## ਮਨੀ ਸੇਫ਼ ਸੁਰੱਖਿਆ ਹਟਾਉਣਾ

- ਮਨੀ ਸੇਫ਼ ਨਾਲ ਸੁਰੱਖਿਅਤ ਰਕਮ ਨੂੰ ਟ੍ਰਾਂਸਫ਼ਰ ਜਾਂ ਕਢਵਾਇਆ ਨਹੀਂ ਜਾ ਸਕਦਾ (ਉਦਾਹਰਨ ਵਜੋਂ, ਨਕਦ ਕਢਵਾਉਣਾ, ਚੈਕ ਭੁਗਤਾਨ, ਫੰਡ ਟ੍ਰਾਂਸਫ਼ਰ, ਡਾਇਰੈਕਟ ਡੈਬਿਟ ਅਧਿਕਾਰ, ਸਥਾਈ ਨਿਰਦੇਸ਼ਾਂ ਨਾਲ ਸਬੰਧਤ ਲੈਣ-ਦੇਣ, ਕਰਜ਼ੇ ਅਤੇ ਕਾਰਡ ਦੀ ਅਦਾਇਗੀ, ਬੈਂਕ ਫ਼ੀਸਾਂ ਅਤੇ ਚਾਰਜ ਆਦਿ ਦੀ ਇਜਾਜ਼ਤ ਨਹੀਂ ਹੋਵੇਗੀ ਜਦ ਤੱਕ ਮਨੀ ਸੇਫ਼ ਸੁਰੱਖਿਆ ਹਟਾਈ ਨਾ ਜਾਵੇ)।
- ਜਦੋਂ ਤੁਸੀਂ ਮਨੀ ਸੇਫ਼ ਨਾਲ ਸੁਰੱਖਿਅਤ ਰਕਮ ਟ੍ਰਾਂਸਫ਼ਰ ਕਰਨਾ ਚਾਹੁੰਦੇ ਹੋ ਜਾਂ ਕਢਵਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਸੁਰੱਖਿਆ ਹਟਾਉਣ ਲਈ ਆਪਣੇ ਬੈਂਕ ਵਿੱਚ ਜਾਣਾ ਪਵੇਗਾ। ਇਸ ਦੌਰਾਨ ਬੈਂਕ ਤੁਹਾਡੇ ਨਾਲ ਆਹਮੋ-ਸਾਹਮਣੇ ਧੋਖਾਧੜੀ-ਵਿਰੋਧੀ ਤਸਦੀਕ ਕਰੇਗਾ, ਜਿਸ ਨਾਲ ਤੁਹਾਨੂੰ ਰੁਕ ਕੇ ਸੋਚਣ ਅਤੇ ਮੁੜ ਵਿਚਾਰ ਕਰਨ ਦਾ ਸਮਾਂ ਮਿਲੇਗਾ ਕਿ ਕਿਤੇ ਤੁਸੀਂ ਧੋਖਾਧੜੀ ਦੇ ਕਾਰਨ ਰਕਮ ਟ੍ਰਾਂਸਫ਼ਰ ਜਾਂ ਕਢਵਾ ਤਾਂ ਨਹੀਂ ਰਹੇ।

## ਸਮਾਰਟ ਸੁਝਾਅ

| | |
|---|---|
| **ਕੀ ਮੈਂ ਮਨੀ ਸੇਫ਼ ਦੀ ਵਰਤੋਂ ਲਈ ਯੋਗ ਹਾਂ?** | ਮਨੀ ਸੇਫ਼ ਸਾਰੇ ਬੈਂਕ ਗਾਹਕਾਂ ਲਈ ਢੁਕਵਾਂ ਹੈ। |

| | |
|---|---|
| **ਮੈਂ ਮਨੀ ਸੇਫ਼ ਰਾਹੀਂ ਕਿੰਨੀ ਰਕਮ ਸੁਰੱਖਿਅਤ ਕਰ ਸਕਦਾ/ਸਕਦੀ ਹਾਂ?** | ਤੁਹਾਡੀਆਂ ਆਪਣੀਆਂ ਜ਼ਰੂਰਤਾਂ ਦੇ ਅਨੁਸਾਰ ਕੋਈ ਵੀ ਰਕਮ।<br><br>ਉਦਾਹਰਨ ਵਜੋਂ, ਤੁਸੀਂ ਉਹਨਾਂ ਫੰਡਾਂ ਉੱਤੇ ਮਨੀ ਸੇਫ਼ ਦੀ ਵਰਤੋਂ ਬਾਰੇ ਵਿਚਾਰ ਕਰ ਸਕਦੇ ਹੋ ਜਿਨ੍ਹਾਂ ਦੀ ਤੁਸੀਂ ਨੇੜੇ ਭਵਿੱਖ ਵਿੱਚ ਵਰਤੋਂ ਦੀ ਉਮੀਦ ਨਹੀਂ ਰੱਖਦੇ, ਜਿਵੇਂ ਕਿ ਜਾਇਦਾਦ ਖਰੀਦਣ ਲਈ ਡਾਊਨ ਪੇਮੈਂਟ ਦੀ ਬੱਚਤ, ਬੱਚਿਆਂ ਦੀ ਸਿੱਖਿਆ ਜਾਂ ਵਿਆਹ ਲਈ ਬੱਚਤ।<br><br>ਕਿਉਂਕਿ ਮਨੀ ਸੇਫ਼ ਸੁਰੱਖਿਆ ਹਟਾਉਣ ਲਈ ਤੁਹਾਨੂੰ ਬੈਂਕ ਸ਼ਾਖਾ ਵਿੱਚ ਜਾਣਾ ਪਵੇਗਾ, ਇਸ ਲਈ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਰੋਜ਼ਾਨਾ ਅਤੇ ਅਚਾਨਕ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਖਾਤੇ ਵਿੱਚ ਢੁਕਵੀਂ ਰਕਮ ਬਣਾਈ ਰੱਖੋ, ਤਾਂ ਜੋ ਅਸੁਵਿਧਾ ਤੋਂ ਬਚਿਆ ਜਾ ਸਕੇ।<br><br>ਕੁਝ ਬੈਂਕਾਂ ਵੱਲੋਂ ਸੁਰੱਖਿਅਤ ਰਕਮ ਲਈ HK$10,000 ਜਾਂ ਇਸ ਦੇ ਬਰਾਬਰ ਦੀ ਘੱਟੋ-ਘੱਟ ਸੀਮਾ ਰੱਖੀ ਜਾ ਸਕਦੀ ਹੈ। ਇਸ ਬਾਰੇ ਤੁਸੀਂ ਆਪਣੇ ਬੈਂਕ ਨਾਲ ਜਾਂਚ ਕਰ ਸਕਦੇ ਹੋ। |
| **ਮਨੀ ਸੇਫ਼ ਨਾਲ ਸੁਰੱਖਿਅਤ ਜਮ੍ਹਾਂ ਰਕਮ ਨੂੰ ਮੈਂ ਕਿੰਨੀ ਜਲਦੀ ਵਰਤ ਸਕਦਾ/ਸਕਦੀ ਹਾਂ?** | ਜਿਵੇਂ ਹੀ ਤੁਹਾਡਾ ਬੈਂਕ ਤੁਹਾਡੇ ਨਾਲ ਮਨੀ ਸੇਫ਼ ਸੁਰੱਖਿਆ ਹਟਾਉਣ ਲਈ ਲੋੜੀਂਦੀ ਧੋਖਾਧੜੀ-ਵਿਰੋਧੀ ਤਸਦੀਕ ਪ੍ਰਕਿਰਿਆ ਨੂੰ ਪੂਰਾ ਕਰਦਾ ਹੈ।<br><br>ਬੈਂਕਾਂ ਲਈ ਲਾਜ਼ਮੀ ਹੈ ਕਿ ਉਹ ਮਨੀ ਸੇਫ਼ ਸੁਰੱਖਿਆ ਹਟਾਉਣ ਸੰਬੰਧੀ ਗਾਹਕ ਦੀ ਬੇਨਤੀ ਨੂੰ ਬਿਨਾਂ ਗ਼ੈਰ-ਜ਼ਰੂਰੀ ਦੇਰੀ ਦੇ ਨਿਪਟਾਉਣ, ਅਤੇ ਹਰ ਹਾਲਤ ਵਿੱਚ 3 ਕੰਮਕਾਜੀ ਦਿਨਾਂ ਤੋਂ ਵੱਧ ਸਮਾਂ ਨਾ ਲਗਾਇਆ ਜਾਵੇ। ਸਹੀ ਕਾਰਵਾਈ ਸਮੇਂ ਲਈ ਤੁਸੀਂ ਆਪਣੇ ਬੈਂਕ ਤੋਂ ਪੁੱਛ ਸਕਦੇ ਹੋ। |
| **ਜੇਕਰ ਮੈਂ ਬੈਂਕ ਨਹੀਂ ਜਾ ਸਕਦਾ/ਸਕਦੀ, ਤਾਂ ਕੀ ਮਨੀ ਸੇਫ਼ ਸੁਰੱਖਿਆ ਹਟਾਉਣ ਦਾ ਕੋਈ ਹੋਰ ਤਰੀਕਾ ਹੈ?** | ਬੈਂਕ ਵਿੱਚ ਆਹਮੋ-ਸਾਹਮਣੇ ਧੋਖਾਧੜੀ-ਵਿਰੋਧੀ ਤਸਦੀਕ ਪ੍ਰਕਿਰਿਆ ਦਾ ਮਕਸਦ ਇਹ ਹੈ ਕਿ ਮਨੀ ਸੇਫ਼ ਸੁਰੱਖਿਆ ਹਟਾਉਣ ਤੋਂ ਪਹਿਲਾਂ ਤੁਸੀਂ ਇਹ ਵਿਚਾਰ ਕਰ ਸਕੋ ਕਿ ਕੀ ਤੁਹਾਡੇ ਨਾਲ ਜਮ੍ਹਾਂ ਰਕਮਾਂ ਨੂੰ ਟ੍ਰਾਂਸਫਰ ਕਰਨ ਜਾਂ ਕਢਵਾਉਣ ਲਈ ਧੋਖਾ ਕੀਤਾ ਜਾ ਰਿਹਾ ਹੈ।<br><br>ਵਿਸ਼ੇਸ਼ ਹਾਲਾਤਾਂ ਵਿੱਚ, ਜਦੋਂ ਤੁਸੀਂ ਆਪਣੇ ਬੈਂਕ ਨਹੀਂ ਜਾ ਸਕਦੇ, ਤਾਂ ਬੈਂਕ ਵੱਲੋਂ ਵਿਕਲਪਕ ਤਸਦੀਕ ਪ੍ਰਬੰਧ ਕੀਤਾ ਜਾ ਸਕਦਾ ਹੈ। ਤੁਸੀਂ ਇਸ ਪ੍ਰਬੰਧ ਲਈ ਆਪਣੇ ਬੈਂਕ ਨਾਲ ਜਾਂਚ ਕਰ ਸਕਦੇ ਹੋ। |

ਵੱਖ-ਵੱਖ ਬੈਂਕਾਂ ਵਿੱਚ ਮਨੀ ਸੇਫ਼ ਲਈ ਪ੍ਰਬੰਧ ਵੱਖਰੇ ਹੋ ਸਕਦੇ ਹਨ।

ਹੋਰ ਵੇਰਵਿਆਂ ਲਈ ਤੁਰੰਤ ਆਪਣੇ ਬੈਂਕ ਨਾਲ ਸੰਪਰਕ ਕਰੋ।